**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**(ਕੋਆਰਡੀਨੇਸ਼ਨ ਸ਼ਾਖਾ)**

ਪਿੱਠ ਅੰਕਣ ਨੰ: 15/285-2015 ਕੋ ਸ਼ਾਖਾ (1)/2018।੧੩੪੫-੧।

ਮਿਤੀ: ਐਸ.ਏ.ਐਸ. ਨਗਰ ੨੫.05.2018

**ਵਿਸ਼ਾ:-** **ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਆਪਸ਼ਨਲ ਵਾਧਾ ਕਰਨ ਸਬੰਧੀ ਸਪਸ਼ਟੀਕਰਨ।**

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦਾ ਪੱਤਰ ਨੰ: 22/**02/ 2012-3ਐਫ.ਪੀ2/1227957/1** ਮਿਤੀ 07.05.2018.

1. ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਆਪਸ਼ਨਲ ਵਾਧਾ ਕਰਨ ਸਬੰਧੀ ਸਪਸ਼ਟੀਕਰਨ ਪ੍ਰਾਪਤ ਹੋਇਆ ਹੈ।

2. ਨਾਲ ਨੱਥੀ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਨੱਥੀ: ਉਕਤ ਅਨੁਸਾਰ।

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ ਸ਼ਾਖਾ)

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਹਾਇਕ ਡਾਇਰੈਕਟਰ (ਸਪ੍ਰ.1,2,3,4,ਵੋਕੇਸ਼ਨਲ)
3. ਰਜਿਸਟਰਾਰ ਸਿੱਖਿਆ ਵਿਭਾਗ ਅਤੇ ਅਮਲਾ ਅਫਸਰ।

ਨੰ:22/02/2012-3ਐਫ.ਪੀ.2/1227957/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 07/05/2018

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾਂ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਆਪਸ਼ਨਲ ਵਾਧਾ ਕਰਨ ਸਬੰਧੀ ਸਪਸ਼ਟੀਕਰਨ।

*****

ਸ੍ਰੀਮਾਨ/ਸ੍ਰੀਮਤੀ ਜੀ ,

ਮੈਨੂੰ ਉਪਰੋਕਤ ਵਿਸੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ:22/02/2012-3ਐਫ.ਪੀ.2/83 ਮਿਤੀ 30.4.2015 ਵੱਲ ਦਿਵਾਉਂਦੇ ਹੋਏ ਇਨ੍ਹਾਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਭ੍ਰਿਸ਼ਟਾਚਾਰ ਦਾ ਕੋਈ ਮਾਮਲਾ ਸਾਮਣੇ ਆਉਂਦਾ ਹੈ, ਜਿਸ ਵਿੱਚ prima facie ਕਰਮਚਾਰੀ ਦੋਸ਼ੀ ਜਾਪਦਾ ਹੈ, ਭਾਵੇਂ ਇਸ ਸਬੰਧੀ ਮੁੱਢਲੀ ਇੰਨਕੁਆਰੀ ਅਜੇ ਪੈਂਡਿੰਗ ਵੀ ਹੋਵੇ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਵੀ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/2/2012-3ਐਫ.ਪੀ.2/475 ਮਿਤੀ 8.10.2012 ਅਤੇ 22/2/2012-3ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਆਪਸ਼ਨਲ ਵਾਧਾ ਨਹੀ ਦਿੱਤਾ ਜਾਣਾ ਹੈ।

2. ਜਿਹੜੇ ਅਧਿਕਾਰੀ/ਕਰਮਚਾਰੀ ਆਪਸ਼ਨਲ ਵਾਧੇ ਤੇ ਚਲ ਰਹੇ ਹਨ, ਜੇਕਰ ਉਨ੍ਹਾਂ ਵਿਰੁੱਧ ਕੋਈ ਭ੍ਰਿਸ਼ਟਾਚਾਰ ਦਾ ਮਾਮਲਾ ਸਾਮਣੇ ਆਉਂਦਾ ਹੈ, ਜਿਸ ਵਿੱਚ prima facie ਕਰਮਚਾਰੀ ਦੋਸ਼ੀ ਜਾਪਦਾ ਹੈ, ਤਾਂ ਉਪਰੋਕਤ ਪਤਰ ਮਿਤੀ 30.4.2015 ਦੇ ਪੈਰ੍ਹਾ ਨੰ:5 ਅਨੁਸਾਰ ਕਾਰਵਾਈ ਕਰਦੇ ਹੋਏ ਉਨ੍ਹਾਂ ਦਾ ਆਪਸ਼ਨਲ ਵਾਧਾ ਤੁਰੰਤ ਮਿਤੀ ਤੋਂ ਖਤਮ ਕੀਤਾ ਜਾਵੇ।

3. ਇਹ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

4. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

(ਸੰਗੀਤਾ)
ਅਧੀਨ ਸਕੱਤਰ ਵਿੱਤ

ਪਿੰ.ਅੰ.ਨੰ: ਨੰ:22/02/2012-3ਐਫ.ਪੀ.2/1227957/2-3 ਮਿਤੀ, ਚੰਡੀਗੜ੍ਹ : 07/05/2018

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅਧੀਨ ਸਕੱਤਰ ਵਿੱਤ

ਪਿੰ.ਅੰ.ਨੰ: ਨੰ:22/02/2012-3ਐਫ.ਪੀ.2/1227957/4-5 ਮਿਤੀ, ਚੰਡੀਗੜ੍ਹ : 07/05/2018

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

ਅਧੀਨ ਸਕੱਤਰ ਵਿੱਤ

ਪਿੰ.ਅੰ.ਨੰ:22/02/2012-3 ਐਫ.ਪੀ.2/1227957/6 ਮਿਤੀ, ਚੰਡੀਗੜ੍ਹ :07/05/2018

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾਂ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੰ.ਅੰ.ਨੰ:22/02/2012-3 ਐਫ.ਪੀ.2/1227957/7 ਮਿਤੀ, ਚੰਡੀਗੜ੍ਹ : 07/05/2018

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਸਪਸਟੀਕਰਨ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ ਜੀ।

ਸੁਪਰਡੰਟ